# ਦਹਾਕਿਆਂ ਮਗਰੋਂ ਵੀ ਘੱਗਰ 'ਚੋਂ ਨਾਜਾਇਜ਼ ਮਾਈਨਿੰਗ ਰੋਕਣ ਵਿਚ ਨਾਕਾਮ ਮਾਈਨਿੰਗ ਵਿਭਾਗ ਤੇ ਡੇਰਾਬੱਸੀ ਪ੍ਰਸ਼ਾਸਨ

ਡੇਰਾਬੱਸੀ, 28 ਅਕਤੂਬਰ (ਗੁਰਮੀਤ ਸਿੰਘ)- ਨਾਜਾਇਜ਼ ਮਾਈਨਿੰਗ ਦੇ ਗੜ੍ਹ ਮੰਨੇ ਜਾਂਦੇ ਮੁਬਾਰਿਕਪੁਰ ਖੇਤਰ ਵਿਚੋਂ ਨਿਕਲਦੇ ਘੱਗਰ ਦੇ ਨਾਲ ਲਗਦੇ ਪਿੰਡ ਕਕਰਾਲੀ ਵਿਚੋਂ 100 ਤੋਂ ਵੱਧ ਟਰੈਕਟਰ ਟਰਾਲੀਆ ਨਾਲ ਹੁੰਦੀ

**ਪਿੰਡ ਵਾਸੀਆ ਵਲੋਂ ਦੋ ਰਾਹਾਂ 'ਤੇ ਨਜ਼ਰ ਰੱਖ ਮਾਈਨਿੰਗ ਮਾਫ਼ੀਆ 'ਤੇ ਨੱਥ ਪਾਉਣ ਦੀ ਮੰਗ**

ਨਾਜਾਇਜ਼ ਮਾਈਨਿੰਗ ਰੋਕਣ ਵਿਚ ਵਿਭਾਗ ਅਤੇ ਪ੍ਰਸਾਸ਼ਨ ਕਈ ਦਹਾਕਿਆਂ ਮਗਰੋਂ ਵੀ ਅਸਮਰਥ ਹੈ। ਇਸ ਸੰਬੰਧੀ ਕਕਰਾਲੀ ਪਿੰਡ ਵਾਸੀਆ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿੰਡ ਨੇੜਿਓਂ ਨਾਜਾਇਜ਼ ਮਾਈਨਿੰਗ ਲਈ ਇਕ ਗੁੱਗਾ ਮਾੜੀ ਵਾਲੀ ਗਲੀ ਅਤੇ ਇਕ ਪਾਣੀ ਦੀ ਟੈਂਕੀ ਵਾਲਾ ਰਸਤਾ ਮੁੱਖ ਤੌਰ 'ਤੇ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਰਾਹਾਂ 'ਤੇ ਰਾਤ ਸਮੇਂ ਮਾਈਨਿੰਗ ਮਾਫੀਆ ਦੀ ਸਰਗਰਮੀ ਵੱਧ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਮਾਈਨਿੰਗ ਵਿਭਾਗ ਅਤੇ ਪ੍ਰਸ਼ਾਸਨ ਨਾਜਾਇਜ ਮਾਈਨਿੰਗ ਰੋਕਣ ਦੀ ਨੀਅਤ ਰਖਦਾ ਹੈ ਤਾਂ ਇਨ੍ਹਾਂ ਦੋਹਾਂ ਰਾਹਾਂ 'ਤੇ ਸੀ. ਸੀ. ਟੀ. ਵੀ. ਕੈਮਰੀਆਂ ਨਾਲ ਨਜ਼ਰ ਰੱਖ ਸਕਦਾ ਹੈ। ਇਨ੍ਹਾਂ ਹੀ ਨਹੀਂ, ਸਗੋਂ ਪੁਲਿਸ ਜਾਂ ਮਾਈਨਿੰਗ ਵਿਭਾਗ ਵਲੋਂ ਨਿਗਰਾਨੀ ਲਈ ਕਰਮੀ ਵੀ ਤਾਇਨਾਤ ਕਰ ਨਾਜਾਇਜ਼ ਮਾਈਨਿੰਗ ਰੋਕਣ ਵਿਚ ਕਾਮਯਾਬ ਹੋ ਸਕਦਾ ਹੈ, ਲੇਕਿਨ ਇਸ ਪਾਸੇ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਇਨ੍ਹਾਂ ਤੋਂ ਇਲਾਵਾ ਇਕ-ਦੋ ਰਸਤੇ ਪੰਚਕੂਲਾ ਵਲੋਂ ਆਉਂਦੇ ਹਨ, ਪਰ ਹਰਿਆਣਾ ਪੁਲਿਸ ਅਤੇ ਉਥੋਂ ਦੀ ਫਲਾਇੰਗ ਸਕੂਐਡ ਟੀਮ ਦੇ ਡਰੋਂ ਕੋਈ ਉਸ ਪਾਸੇ ਜਾਣ ਦੀ ਹਿੰਮਤ ਨਹੀਂ ਵਿਖਾਉਂਦਾ। ਲੋਕਾਂ ਨੋਂ ਕਿਹਾ ਕਿ ਐਨੇ ਸਾਲਾਂ ਤੋਂ ਘੱਗਰ ਵਿਚੋਂ ਰੇਤ ਅਤੇ ਗਰੈਵਲ ਦੀ ਚੋਰੀ ਰੋਕਣ ਵਿਚ ਵਿਭਾਗ ਅਸਮਰਥ ਹੈ ਅਤੇ ਆਪਣੀ ਖਾਮੀ ਲੁਕਾਉਂਦੇ ਹੋਏ ਇਕੋ ਕਹਾਣੀ ਕਈ ਸਾਲਾਂ ਤੋਂ ਸੁਣਾ ਰਿਹਾ ਹੈ ਕਿ ਜਦੋਂ ਵਿਭਾਗ ਛਾਪਾ ਮਾਰਦਾ ਹੈ ਤਾਂ ਮਾਈਨਿੰਗ ਮਾਫ਼ੀਆ ਟਰੈਕਟਰ ਟਰਾਲੀਆਂ ਸਮੇਤ ਘੱਗਰ ਵਿਚੋਂ ਗਾਇਬ ਹੋ ਜਾਂਦਾ ਹੈ। ਪਿੰਡ ਵਾਸੀਆ ਨੇ ਕਿਹਾ ਕਿ ਸਾਰੀ ਰਾਤ ਪਿੰਡ ਦੀ ਗਲੀਆ ਵਿਚੋਂ ਟਰੈਕਟਰ ਟਰਾਲੀਆਂ ਦੌੜਨ ਦੀ ਆਵਾਜ਼ ਆਰਾਮ ਨਾਲ ਸੌਣ ਨਹੀਂ ਦਿੰਦੀ ਅਤੇ ਸੜਕ ਉੱਤੇ ਦੂਰ-ਦੂਰ ਤੱਕ ਇਨ੍ਹਾਂ ਵਾਹਨਾਂ ਦੀ ਲਾਈਨਾਂ ਲੱਗੀਆਂ ਰਹਿੰਦੀਆਂ ਹਨ ਤੇ ਜੇਕਰ ਵਿਭਾਗ ਕਾਰਵਾਈ ਕਰਨ ਦੀ ਨੀਯਤ ਨਾਲ ਕੰਮ ਕਰੇ ਤਾਂ ਇਕੋ ਰਾਤ ਵਿਚ ਦਰਜਨਾਂ ਵਾਹਨ ਰੰਗੇ ਹਥੀਂ ਕਾਬੂ ਕੀਤੇ ਜਾ ਸਕਦੇ ਹਨ। ਇਸਦੇ ਬਾਵਜੂਦ ਵਿਭਾਗ ਮਾਈਨਿੰਗ ਮਾਫ਼ੀਆ 'ਤੇ ਨੱਥ ਪਾਉਣ ਵਿਚ ਨਾਕਾਮ ਹੈ, ਜਿਸ ਦੀ ਕਾਰਵਾਈ 'ਤੇ ਸਵਾਲੀਆ ਨਿਸ਼ਾਨ ਲੱਗਦਾ ਹੈ। ਲੋਕਾਂ ਨੇ ਕਿਹਾ ਕਿ ਨਾਜਾਇਜ਼ ਮਾਈਨਿੰਗ ਨਾਲ ਪ੍ਰਕਿਰਤੀ ਨੂੰ ਜ਼ਿਆਦਾ ਨੁਕਸਾਨ ਪਹੁੰਚ ਰਿਹਾ ਹੈ, ਜਿਸ ਨਾਲ ਘੱਗਰ ਦਰਿਆ ਤੇ ਆਸ-ਪਾਸ ਦੇ ਇਲਾਕਿਆਂ ਦੇ ਵਾਤਾਵਰਣ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।

ਪਿੰਡ ਕਕਰਾਲੀ ਦੀ ਟੈਂਕੀ ਵਾਲੀ ਗਲੀ, ਜਿੱਥੋਂ ਮਾਈਨਿੰਗ ਮਾਫ਼ੀਆ ਘੱਗਰ ਵਿਚ ਉਤਰਦਾ ਹੈ। ਤਸਵੀਰ : ਗੁਰਮੀਤ ਸਿੰਘ

ਡੇਰਾਬੱਸੀ ਦੇ ਤਹਿਸੀਲ ਕੰਪਲੈਕਸ 'ਚ ਕੂੜੇ ਦੇ ਢੇਰ ਨੂੰ ਲਗਾਈ ਗਈ ਅੱਗ ਦਾ ਦ੍ਰਿਸ਼। (ਸੱਜੇ) ਡੇਰਾਬੱਸੀ ਦੇ ਮੁੱਖ ਬਾਜ਼ਾਰ ਦੀ ਐਂਟਰੀ 'ਤੇ ਇਕ ਦੁਕਾਨ ਕੋਲ ਲੱਗੇ ਕੂੜੇ ਦੇ ਢੇਰ ਦੀ ਮੂੰਹ ਬੋਲਦੀ ਤਸਵੀਰ। ਤਸਵੀਰਾਂ : ਗੁਰਮੀਤ ਸਿੰਘ

## ਡੇਰਾਬੱਸੀ ਨਗਰ ਕੌਂਸਲ ਆਪਣੇ ਅਧੀਨ ਪੈਂਦੇ ਖੇਤਰ 'ਚ ਸਾਫ਼-ਸਫ਼ਾਈ ਰੱਖਣ 'ਚ ਫੇਲ੍ਹ ਸਾਬਿਤ ਹੋਈ

ਡੇਰਾਬੱਸੀ, 28 ਅਕਤੂਬਰ (ਗੁਰਮੀਤ ਸਿੰਘ)-ਡੇਰਾਬੱਸੀ ਦੇ ਤਹਿਸੀਲ ਕੰਪਲੈਕਸ 'ਚ ਸਫ਼ਾਈ ਕਰਮੀਆਂ ਵਲੋਂ ਕੂੜਾ ਚੁੱਕਣ ਦੀ ਬਜਾਏ ਉਸ ਨੂੰ ਅੱਗ ਲਗਾ ਦਿੱਤੀ ਗਈ। ਇਸ ਘਟਨਾ ਨੂੰ ਲੈ ਕੇ ਵਕੀਲਾਂ ਨੇ ਰੋਸ ਜ਼ਾਹਿਰ ਕੀਤਾ ਹੈ। ਦੂਜੇ ਪਾਸੇ ਮੁੱਖ ਬਾਜ਼ਾਰ ਦੇ ਪ੍ਰਵੇਸ਼ ਦੁਆਰ 'ਤੇ ਦੁਕਾਨਾਂ ਅੱਗੇ ਕੂੜੇ ਦੇ ਢੇਰ ਲੱਗੇ ਹੋਏ ਹਨ, ਜਿਸ ਨਾਲ ਗੰਦਗੀ ਅਤੇ ਬਦਬੂ ਫੈਲ ਰਹੀ ਹੈ। ਇਸ ਸੰਬੰਧੀ ਦੁਕਾਨਦਾਰਾਂ ਨੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਨਗਰ ਕੌਂਸਲ ਦੇ ਕਰਮਚਾਰੀ ਹੋਰ ਥਾਵਾਂ ਤੋਂ ਕੂੜਾ ਇਕੱਠਾ ਕਰਕੇ ਇਥੇ ਢੇਰ ਲਗਾ ਦਿੰਦੇ ਹਨ ਅਤੇ ਸਵੇਰੇ ਜਦੋਂ ਉਹ ਦੁਕਾਨਾਂ ਖੋਲ੍ਹਣ ਲਈ ਆਉਂਦੇ ਹਨ ਦਾ ਹਾਲਤ ਖ਼ਰਾਬ ਹੋ ਜਾਂਦੀ ਹੈ ਅਤੇ ਫ਼ਿਰ ਬਦਬੂ 'ਚ ਰਹਿਣਾ ਪੈਂਦਾ ਹੈ। ਦੁਕਾਨਾਂ ਦੇ ਨਾਲ ਗੰਦਗੀ ਪਈ ਦੇਖ ਗ੍ਰਾਹਕ ਵੀ ਇੱਥੇ ਆਉਣ ਤੋਂ ਕੰਨੀ ਕਤਰਾਉਂਦੇ ਹਨ। ਇਸ ਤੋਂ ਪਹਿਲਾਂ ਰੇਲਵੇ ਫਲਾਈ ਓਵਰ ਹੇਠਾਂ ਖੁੱਲ੍ਹੇ 'ਚ ਕੂੜਾ ਸੁੱਟ ਕੇ ਉਸ ਨੂੰ ਅੱਗ ਲਗਾਉਣ ਦੀ ਘਟਨਾ ਸਾਹਮਣੇ ਆ ਚੁੱਕੀ ਹੈ। ਉਸ ਸਮੇਂ ਨਗਰ ਕੌਂਸਲ ਨੇ ਗ਼ਲਤੀ ਸੁਧਾਰਨ ਦੀ ਥਾਂ ਟੀਨ ਦੀਆਂ ਚਾਦਰਾਂ ਲਗਾ ਕੇ ਮਾਮਲਾ ਛੁਪਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਕੂੜਾ ਸੁੱਟਣਾ ਬੰਦ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਸ਼ਹਿਰ ਦੀਆਂ ਕਈ ਥਾਵਾਂ 'ਤੇ ਖੁੱਲ੍ਹੇ 'ਚ ਲੱਗੇ ਕੂੜੇ ਦੇ ਢੇਰ ਆਮ ਦੇਖੇ ਜਾ ਸਕਦੇ ਹਨ। ਸ਼ਹਿਰ ਵਾਸੀਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਸਫ਼ਾਈ 'ਤੇ ਲੱਖਾਂ ਰੁਪਏ ਖ਼ਰਚੇ ਜਾ ਰਹੇ ਹਨ, ਪਰ ਹਕੀਕਤ 'ਚ ਸਫ਼ਾਈ ਪ੍ਰਣਾਲੀ ਪੂਰੀ ਤਰ੍ਹਾਂ ਨਾਕਾਮ ਨਜ਼ਰ ਆ ਰਹੀ ਹੈ। ਲੋਕਾਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਸਫ਼ਾਈ ਵੱਲ ਧਿਆਨ ਦੇਣ ਦੀ ਥਾਂ ਕੌਂਸਲ ਵਲੋਂ ਮਸ਼ਹੂਰੀ 'ਤੇ ਪੈਸੇ ਖ਼ਰਚ ਕਰਕੇ ਬਰਬਾਦੀ ਕੀਤੀ ਜਾ ਰਹੀ ਹੈ।

**ਸੈਂਕੜੇ ਸਫ਼ਾਈ ਕਰਮਚਾਰੀ ਹੋਣ ਅਤੇ ਲੱਖਾਂ ਰੁਪਏ ਦੇ ਠੇਕੇ ਦੇ ਬਾਵਜੂਦ ਵੀ ਥਾਂ-ਥਾਂ ਫੈਲੀ ਗੰਦਗੀ**

**ਤਹਿਸੀਲ ਕੰਪਲੈਕਸ 'ਚੋਂ ਕੂੜਾ ਚੁੱਕਣ ਦੀ ਬਜਾਏ ਲਗਾਈ ਅੱਗ**

## ਘਰ ਦੇ ਬਾਹਰੋਂ ਕਾਰ ਚੋਰੀ

ਜ਼ੀਰਕਪੁਰ, 28 ਅਕਤੂਬਰ (ਮਨਿੰਦਰ ਸਿੰਘ)-ਪਿੰਡ ਨਾਭਾ ਸਾਹਿਬ 'ਚੋਂ ਚੋਰਾਂ ਨੇ ਇਕ ਘਰ ਦੇ ਬਾਹਰੋਂ ਕਾਰ ਚੋਰੀ ਕਰ ਲਈ। ਚੋਰੀ ਦੀ ਇਹ ਘਟਨਾ ਘਰ ਦੇ ਬਾਹਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਵਿਚ ਕੈਦ ਹੋ ਗਈ। ਕਾਰ ਮਾਲਕ ਜਸਵੀਰ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੀ ਸਵਿਫਟ ਕਾਰ ਰਾਤ ਦੇ 11 ਵਜੇ ਦੇ ਕਰੀਬ ਆਪਣੇ ਘਰ ਦੇ ਨੇੜੇ ਖੜ੍ਹੀ ਕੀਤੀ ਸੀ ਅਤੇ ਜਦੋਂ ਸਵੇਰੇ ਕਰੀਬ 5 ਵਜੇ ਉਹ ਘਰ ਤੋਂ ਬਾਹਰ ਆਇਆ ਤਾਂ ਉਸ ਦੀ ਕਾਰ ਆਪਣੀ ਥਾਂ ਤੋਂ ਗਾਇਬ ਸੀ। ਉਸ ਨੇ ਤੁਰੰਤ ਜਦੋਂ ਨੇੜੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕੀਤੀ ਤਾਂ ਉਸ 'ਚ ਦਿਖਾਈ ਦਿੱਤਾ ਕਿ ਤਿੰਨ ਨੌਜਵਾਨ, ਜਿਨ੍ਹਾਂ ਦੇ ਚਿਹਰੇ ਕੱਪੜੇ ਨਾਲ ਢਕੇ ਹੋਏ ਸਨ, ਕਾਰ ਦੇ ਆਲੇ-ਦੁਆਲੇ ਘੁੰਮ ਰਹੇ ਸਨ। ਉਨ੍ਹਾਂ ਨੇ ਕੁਝ ਦੇਰ ਲਈ ਰੇਕੀ ਕੀਤੀ ਤੇ ਫ਼ਿਰ ਸਵੇਰੇ 3 ਵਜੇ ਦੇ ਕਰੀਬ ਕਾਰ ਚੋਰੀ ਕਰ ਲਈ। ਘਟਨਾ ਤੋਂ ਬਾਅਦ ਜਸਵੀਰ ਸਿੰਘ ਨੇ ਤੁਰੰਤ ਸਥਾਨਕ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ਼ ਦੇ ਆਧਾਰ 'ਤੇ ਚੋਰਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਥਾਨਕ ਵਸਨੀਕਾਂ ਦਾ ਕਹਿਣਾ ਹੈ ਕਿ ਹਾਲ ਹੀ ਵਿਚ ਉਨ੍ਹਾਂ ਦੇ ਖੇਤਰ ਵਿਚ ਚੋਰੀ ਦੀਆਂ ਘਟਨਾਵਾਂ 'ਚ ਕਾਫ਼ੀ ਵਾਧਾ ਹੋਇਆ ਹੈ।

'ਨਸ਼ਾ ਮੁਕਤੀ ਯਾਤਰਾ' ਮੁਹਿੰਮ ਦੀ ਪ੍ਰਗਤੀ ਦੀ ਸਮੀਖਿਆ ਕਰਦੇ ਹੋਏ ਡੀ. ਸੀ. ਕੋਮਲ ਮਿੱਤਲ ਤੇ ਐੱਸ. ਐੱਸ. ਪੀ. ਹਰਮਨਦੀਪ ਸਿੰਘ ਹਾਂਸ। ਅਜੀਤ ਤਸਵੀਰ

## ਡੀ. ਸੀ. ਤੇ ਐੱਸ. ਐੱਸ. ਪੀ. ਨੇ ਮੀਟਿੰਗ ਦੌਰਾਨ 'ਨਸ਼ਾ ਮੁਕਤੀ ਯਾਤਰਾ' ਮੁਹਿੰਮ ਦੀ ਪ੍ਰਗਤੀ ਦੀ ਕੀਤੀ ਸਮੀਖਿਆ

ਐੱਸ. ਏ. ਐੱਸ. ਨਗਰ, 28 ਅਕਤੂਬਰ (ਕਪਿਲ ਵਧਵਾ)-ਸੂਬੇ 'ਚ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐੱਸ. ਐੱਸ. ਪੀ. ਹਰਮਨਦੀਪ ਸਿੰਘ ਹਾਂਸ ਵਲੋਂ ਸਾਂਝੇ ਤੌਰ 'ਤੇ ਜ਼ਿਲ੍ਹੇ 'ਚੋਂ ਨਸ਼ਿਆਂ ਦੀ ਅਲਾਮਤ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਨਸ਼ਾ ਮੁਕਤੀ ਯਾਤਰਾ' ਅਤੇ ਸਮਾਜਿਕ ਲਾਮਬੰਦੀ ਪਹਿਲਕਦਮੀਆਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਡੀ. ਸੀ. ਮਿੱਤਲ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਹੁਣ ਤੱਕ ਲਗਭਗ ਸਾਰੇ ਪਿੰਡਾਂ ਤੇ ਵਾਰਡਾਂ ਨੂੰ ਜਾਗਰੂਕ ਕਰ ਚੁੱਕੀ ਹੈ, ਜਦਕਿ ਦੂਜੇ ਪੜਾਅ 'ਚ ਪਿੰਡ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਗਠਨ ਦਾ ਕੰਮ ਮੁਕੰਮਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦਾ ਅਗਲਾ ਪੜਾਅ ਨਵੰਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਦੌਰਾਨ ਰੱਖਿਆ ਕਮੇਟੀ ਮੈਂਬਰਾਂ ਲਈ ਸਿਖਲਾਈ ਸੈਸ਼ਨ ਕਰਵਾਏ ਜਾਣਗੇ ਤਾਂ ਜੋ ਮੈਂਬਰਾਂ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਗਿਆਨ ਦਿੱਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ 6 ਅਤੇ 7 ਨਵੰਬਰ ਨੂੰ ਸਿਖਲਾਈ ਕੈਂਪ ਲਗਾਏ ਜਾਣਗੇ, ਜਿਸ ਦੌਰਾਨ ਰੋਜ਼ਾਨਾ ਸਵੇਰੇ ਤੇ ਦੁਪਹਿਰ ਵੇਲੇ ਦੋ ਸੈਸ਼ਨ ਕਰਵਾਏ ਜਾਣਗੇ। ਇਸੇ ਦੌਰਾਨ ਐੱਸ. ਐੱਸ. ਪੀ. ਹਰਮਨਦੀਪ ਸਿੰਘ ਹਾਂਸ ਨੇ ਦੁਹਰਾਇਆ ਕਿ ਪੁਲਿਸ ਨਸ਼ਾ ਵਿਰੋਧੀ ਮਿਸ਼ਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਕਈ ਨਸ਼ਾ ਪੀੜਤਾਂ ਨੂੰ ਸੈਕਟਰ-66 ਦੇ ਸਰਕਾਰੀ ਨਸ਼ਾ ਮੁਕਤੀ ਕੇਂਦਰ 'ਚ ਦਾਖ਼ਲ ਕਰਵਾਇਆ ਗਿਆ ਹੈ, ਜਦਕਿ ਹੋਰ ਆਊਟ-ਪੇਸ਼ੈਂਟ ਓਪੀਓਇਡ ਅਸਿਸਟਡ ਟਰੀਟਮੈਂਟ (ਓਟ) ਸੈਂਟਰਾਂ ਰਾਹੀਂ ਇਲਾਜ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਸਾਰੇ ਡੀ. ਐਸ. ਪੀ. ਨੂੰ ਹਦਾਇਤ ਕੀਤੀ ਕਿ ਉਹ ਮੁੱਖ ਮੰਤਰੀ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਥਾਨਕ ਕਮੇਟੀਆਂ ਨੂੰ ਪੂਰਨ ਸਹਿਯੋਗ ਦੇਣ। ਇਸ ਮੌਕੇ ਏ. ਡੀ. ਸੀ. (ਪੇਂਡੂ ਵਿਕਾਸ) ਸੋਨਮ ਚੌਧਰੀ, ਐੱਸ. ਡੀ. ਐੱਮ. ਮੁਹਾਲੀ ਦਮਨਦੀਪ ਕੌਰ, ਐੱਸ. ਡੀ. ਐੱਮ. ਖਰੜ ਦਿਵਿਆ ਪੀ, ਐੱਸ. ਡੀ. ਐੱਮ. ਡੇਰਾਬੱਸੀ ਅਮਿਤ ਗੁਪਤਾ, ਐੱਸ. ਪੀ. ਦੀਪਿਕਾ ਸਿੰਘ, ਡੀ. ਐੱਸ. ਪੀ. ਪ੍ਰਿਥਵੀ ਸਿੰਘ ਚਾਹਲ, ਡੀ. ਐੱਸ. ਪੀ. ਸਿਟੀ-2 ਹਰਸਿਮਰਨ ਸਿੰਘ ਬੱਲ, ਡੀ. ਐੱਸ. ਪੀ.ਕਰਨ ਸਿੰਘ ਸੰਧੂ, ਡੀ. ਐੱਸ. ਪੀ. ਵਿਕਰਮਜੀਤ ਸਿੰਘ ਬਰਾੜ, ਡੀ. ਐੱਸ. ਪੀ. ਨਵੀਨ ਪਾਲ ਸਿੰਘ ਲਹਿਲ ਤੇ ਰਾਜੇਸ਼ ਹਸਤੀਰ ਆਦਿ ਹਾਜ਼ਰ ਸਨ।

**ਕਿਹਾ, 6 ਤੇ 7 ਨਵੰਬਰ ਨੂੰ ਪਿੰਡ/ਵਾਰਡ ਰੱਖਿਆ ਕਮੇਟੀ ਦੇ ਮੈਂਬਰਾਂ ਲਈ ਲਗਾਏ ਜਾਣਗੇ ਸਿਖਲਾਈ ਕੈਂਪ**

## ਲੜਕੀ ਨੂੰ ਅਗਵਾ ਕਰਨ ਦੇ ਦੋਸ਼ 'ਚ ਮਾਮਲਾ ਦਰਜ

ਡੇਰਾਬੱਸੀ, 28 ਅਕਤੂਬਰ (ਰਣਬੀਰ ਸਿੰਘ ਪੜ੍ਹੀ)-ਡੇਰਾਬੱਸੀ ਬਲਾਕ ਦੇ ਇਕ ਪਿੰਡ ਦੀ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਅਗਵਾ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਮਾਮਲੇ ਵਿਚ ਪਰਿਵਾਰ ਦੇ ਬਿਆਨਾਂ ਦੇ ਅਧਾਰ 'ਤੇ ਧਰਮ ਸਿੰਘ ਪੁੱਤਰ ਦੇਵ ਰਾਜ ਵਾਸੀ ਪਿੰਡ ਖੇੜੀ ਦੇ ਖਿਲਾਫ਼ ਮਾਮਲਾ ਦਰਜ ਕੀਤਾ ਹੈ ਜੋ ਫਿਲਹਾਲ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ। ਪੀੜਤ ਪਰਿਵਾਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਨ੍ਹਾਂ ਦੀ 16 ਸਾਲਾ ਲੜਕੀ ਲੰਘੀ 25 ਸਤੰਬਰ ਨੂੰ ਬਿਨ੍ਹਾਂ ਕੁਝ ਦੱਸੇ ਘਰੋਂ ਗਾਇਬ ਹੋ ਗਈ ਸੀ। ਪਰਿਵਾਰ ਵਲੋਂ ਆਪਣੇ ਤੌਰ 'ਤੇ ਕਾਫ਼ੀ ਭਾਲ ਕੀਤੀ ਗਈ, ਪਰ ਲੜਕੀ ਦਾ ਕੋਈ ਪਤਾ ਨਹੀਂ ਲੱਗ ਸਕਿਆ। ਪਰਿਵਾਰ ਨੇ ਸ਼ੱਕ ਜਤਾਇਆ ਹੈ ਕਿ ਕੋਈ ਵਿਅਕਤੀ ਉਨ੍ਹਾਂ ਦੀ ਧੀ ਨੂੰ ਵਰਗਲਾ ਕੇ ਆਪਣੇ ਨਾਲ ਲੈ ਗਿਆ ਹੈ। ਸ਼ਿਕਾਇਤ ਉਪਰੰਤ ਪੁਲਿਸ ਨੇ ਮਾਮਲਾ ਦਰਜ ਕਰਨ ਮਗਰੋਂ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬਾਜਵਾ ਦਾਮਿਨੀ ਡਿਵੈਲਪਰਜ਼ ਦੇ ਦੋ ਪ੍ਰਮੋਟਰਾਂ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ

ਐੱਸ. ਏ. ਐੱਸ. ਨਗਰ, 28 ਅਕਤੂਬਰ (ਕਪਿਲ ਵਧਵਾ)-ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਵਲੋਂ ਬਾਜਵਾ ਦਾਮਿਨੀ ਡਿਵੈਲਪਰਜ਼ ਫਰਮ ਦੇ ਦੋ ਪ੍ਰਮੋਟਰਾਂ ਵਿਰੁੱਧ ਆਈ. ਪੀ. ਸੀ. ਦੀ ਧਾਰਾ 420 ਅਤੇ 120 (ਬੀ) ਤਹਿਤ ਧੋਖਾਧੜੀ ਅਤੇ ਸਾਂਝੀ ਸਾਜ਼ਿਸ਼ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ। ਜਾਣਕਾਰੀ ਅਨੁਸਾਰ ਬਾਜਵਾ ਦਾਮੀਨੀ ਡਿਵੈਲਪਰਜ਼ ਨੂੰ ਸਾਲ 2014 ਵਿਚ ਸੈਕਟਰ-117 ਤੇ 74 ਏ ਪਿੰਡ ਬਲਿਆਲੀ ਮੁਹਾਲੀ ਵਿਖੇ 'ਸੈਨੀ ਬਸੰਤ' ਨਾਂਅ ਦੀ ਰਿਹਾਇਸ਼ੀ ਕਾਲੋਨੀ ਵਿਕਸਿਤ ਕਰਨ ਲਈ ਲਾਇਸੰਸ ਜਾਰੀ ਕੀਤਾ ਗਿਆ ਸੀ। ਲਾਇਸੰਸ ਅਨੁਸਾਰ ਪ੍ਰਮੋਟਰ ਨੂੰ 15 ਫ਼ੀਸਦੀ ਚਾਰਜਾਂ ਦੀ ਅਦਾਇਗੀ ਪਹਿਲਾਂ ਕਰਨ ਉਪਰੰਤ ਬਾਕੀ ਦੇ 85 ਫ਼ੀਸਦੀ ਚਾਰਜ ਅੱਧੇ ਸਾਲਾਂ ਦੀਆਂ ਕਿਸ਼ਤਾਂ ਦੇ ਰੂਪ ਵਿਚ ਜਮ੍ਹਾਂ ਕਰਵਾਉਣ ਦੀ ਸ਼ਰ